MOSAIC

## *ਫੈਮਿਲੀ ਲਾਅ ਐਕਟ (ਐੱਫ ਐੱਲ ਏ)*

- ☐ ਐੱਫ ਐੱਲ ਏ ਨੇ 18 ਮਾਰਚ, 2013 ਨੂੰ ਫੈਮਿਲੀ ਰੀਲੇਸ਼ਨਜ਼ ਐਕਟ (ਐੱਫ ਆਰ ਏ) ਦੀ ਥਾਂ ਲਈ
- ☐ ਐੱਫ ਐੱਲ ਏ ਤੁਹਾਡੇ ਹੱਕ ਅਤੇ ਜ਼ਿੰਮੇਵਾਰੀਆਂ ਦੱਸਦਾ ਹੈ।
- ☐ ਤੁਸੀਂ ਐੱਫ ਐੱਲ ਏ ਦੀ ਵਰਤੋਂ, ਆਪਣੇ ਬੱਚਿਆਂ ਦੀ ਭਵਿੱਖ ਵਿਚ ਸੰਭਾਲ, ਸੁਪੋਰਟ ਪੇਮੈਂਟਾਂ, ਅਤੇ ਪਰਿਵਾਰ ਦੀ ਜਾਇਦਾਦ ਅਤੇ ਪਰਿਵਾਰ ਦੇ ਕਰਜ਼ੇ ਦੀ ਵੰਡ ਲਈ ਕਰ ਸਕਦੇ ਹੋ।

## *ਆਪਣੇ ਪਰਿਵਾਰ ਦੀ ਹਿਫਾਜ਼ਤ ਕਰਨਾ*

- ☐ ਨਵਾਂ ਐਕਟ ਪਰਿਵਾਰਕ ਹਿੰਸਾ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ:
    - ➢ ਪਰਿਵਾਰ ਦੇ ਕਿਸੇ ਮੈਂਬਰ ਨਾਲ ਸਰੀਰਕ ਬੁਰਾ ਵਰਤਾਉ
    - ➢ ਕਾਮੁਕ ਬੁਰਾ ਵਰਤਾਉ
    - ➢ ਪਰਿਵਾਰ ਦੇ ਕਿਸੇ ਮੈਂਬਰ ਨਾਲ ਸਰੀਰਕ ਜਾਂ ਕਾਮੁਕ ਬੁਰਾ ਵਰਤਾਉ ਕਰਨ ਦੀਆਂ ਕੋਸ਼ਿਸ਼ਾਂ
    - ➢ ਜਜ਼ਬਾਤੀ/ਮਨੋਵਿਗਿਆਨਕ ਬੁਰਾ ਵਰਤਾਉ
    - ➢ ਬੱਚੇ ਦੇ ਸਬੰਧ ਵਿਚ, ਪਰਿਵਾਰਕ ਹਿੰਸਾ ਨੂੰ ਸਿੱਧਾ ਜਾਂ ਅਸਿੱਧਾ ਦੇਖਣਾ।

## *ਮੇਰੇ 'ਤੇ ਕਿਹੜੇ ਕਾਨੂੰਨ ਲਾਗੂ ਹੁੰਦੇ ਹਨ?*

- ☐ ਫੈਮਿਲੀ ਲਾਅ ਐਕਟ –
    - ➢ ਤਾਂ ਲਾਗੂ ਹੁੰਦਾ ਹੈ ਜੇ ਤੁਸੀਂ ਵਿਆਹੇ/ਅਣਵਿਆਹੇ ਹੋ
    - ➢ ਅਤੇ ਤੁਸੀਂ ਇਹ ਮੰਗ ਕਰ ਰਹੇ ਹੋ:
        - ✓ ਗਾਰਡੀਅਨਸ਼ਿਪ ਅਤੇ ਬੱਚੇ ਨੂੰ ਪਾਲਣ ਦੇ ਪ੍ਰਬੰਧ
        - ✓ ਜਾਇਦਾਦ/ਕਰਜ਼ੇ ਦੀ ਵੰਡ
        - ✓ ਚਾਇਲਡ ਸੁਪੋਰਟ (ਬੱਚੇ ਦੀ ਸਹਾਇਤਾ)
        - ✓ ਸੁਪਾਉਜ਼ਲ ਸੁਪੋਰਟ
        - ✓ ਪ੍ਰੋਟੈਕਸ਼ਨ ਆਰਡਰਜ਼

- ☐ ਡਾਇਵੋਰਸ ਐਕਟ –
    - ➢ ਤਾਂ ਲਾਗੂ ਹੁੰਦਾ ਹੈ ਜੇ ਤੁਸੀਂ ਵਿਆਹੇ/ਅਣਵਿਆਹੇ ਹੋ
    - ➢ ਅਤੇ ਤੁਸੀਂ ਇਹ ਮੰਗ ਕਰ ਰਹੇ ਹੋ:
        - ✓ ਤਲਾਕ
        - ✓ ਗਾਰਡੀਅਨਸ਼ਿਪ ਅਤੇ ਕਸਟੱਡੀ
        - ✓ ਚਾਇਲਡ ਸੁਪੋਰਟ
        - ✓ ਸੁਪਾਉਜ਼ਲ ਸੁਪੋਰਟ

## *ਮੈਂ ਕਿਹੜੀ ਕੋਰਟ ਵਿਚ ਜਾਣਾ ਹੈ?*

- ☐ ਸੁਪਰੀਮ ਕੋਰਟ
  - ➢ ਤਲਾਕ
  - ➢ ਜਾਇਦਾਦ ਅਤੇ ਕਰਜ਼ੇ ਦੀ ਵੰਡ
  - ➢ ਗਾਰਡੀਅਨਸ਼ਿਪ ਅਤੇ ਬੱਚੇ ਨੂੰ ਪਾਲਣ ਦੇ ਪ੍ਰਬੰਧ (ਬੱਚੇ ਨਾਲ ਹੋਣ ਦਾ ਸਮਾਂ ਅਤੇ ਪਾਲਣ ਦੀਆਂ ਜ਼ਿੰਮੇਵਾਰੀਆਂ)
  - ➢ ਸੁਪੋਰਟ – ਚਾਇਲਡ ਅਤੇ ਸੁਪਾਉਜ਼ਲ ਸੁਪੋਰਟ
  - ➢ ਪ੍ਰੋਟੈਕਸ਼ਨ ਆਰਡਰ

- ☐ ਸੂਬਾਈ ਕੋਰਟ
  - ➢ ਗਾਰਡੀਅਨਸ਼ਿਪ ਅਤੇ ਬੱਚੇ ਨੂੰ ਪਾਲਣ ਦੇ ਪ੍ਰਬੰਧ (ਬੱਚੇ ਨਾਲ ਹੋਣ ਦਾ ਸਮਾਂ ਅਤੇ ਪਾਲਣ ਦੀਆਂ ਜ਼ਿੰਮੇਵਾਰੀਆਂ)
  - ➢ ਸੁਪੋਰਟ – ਚਾਇਲਡ ਅਤੇ ਸੁਪਾਉਜ਼ਲ ਸੁਪੋਰਟ
  - ➢ ਪ੍ਰੋਟੈਕਸ਼ਨ ਆਰਡਰ

## *ਤੁਸੀਂ ਇਕ "ਸਪਾਉਸ" ਹੋ ਜੇ...*

- ☐ ਤੁਸੀਂ ਵਿਆਹੇ ਹੋਏ ਹੋ
  - ➢ ਤੁਹਾਡੇ ਵਿਆਹ ਦੀ ਕਾਨੂੰਨੀ ਰਸਮ ਹੋਈ ਸੀ (ਤਲਾਕ ਦਾ ਆਰਡਰ ਲੈਣ ਲਈ ਤੁਹਾਨੂੰ ਵਿਆਹ ਦੇ ਮੁਢਲੇ ਸਰਟੀਫਿਕੇਟ ਦੀ ਲੋੜ ਪਵੇਗੀ – ਕੁਝ ਹਾਲਤਾਂ ਅਧੀਨ ਤੁਸੀਂ ਆਪਣੀ ਤਲਾਕ ਦੀ ਕਾਰਵਾਈ ਵਿਆਹ ਦੇ ਸਰਟੀਫਿਕੇਟ ਤੋਂ ਬਿਨਾਂ ਵੀ ਸ਼ੁਰੂ ਕਰ ਸਕਦੇ ਹੋ)

- ☐ ਤੁਸੀਂ ਅਣਵਿਆਹੇ ਹੋ
  - ➢ ਤੁਸੀਂ ਅਤੇ ਤੁਹਾਡਾ ਪਾਰਟਨਰ ਲਗਾਤਾਰ ਘੱਟੋ ਘੱਟ 2 ਸਾਲ ਦੇ ਸਮੇਂ ਲਈ ਵਿਆਹ ਵਰਗੇ ਰਿਸ਼ਤੇ (ਕੌਮਨ-ਲਾਅ) ਵਿਚ ਇਕੱਠੇ ਰਹੇ ਹੋ

- ☐ ਤੁਹਾਡਾ ਦੋਨਾਂ ਦਾ ਸਾਂਝਾ ਬੱਚਾ ਹੈ
  - ➢ ਤੁਸੀਂ ਸਪਾਉਸ ਸਿਰਫ ਚਾਇਲਡ ਸੁਪੋਰਟ ਅਤੇ ਸੁਪਾਉਜ਼ਲ ਸੁਪੋਰਟ ਦੇ ਮੰਤਵਾਂ ਲਈ ਹੀ ਹੋ – ਇਹ ਜਾਇਦਾਦ ਅਤੇ ਕਰਜ਼ੇ ਦੀ ਵੰਡ ਲਈ ਲਾਗੂ ਨਹੀਂ ਹੁੰਦਾ।

## *ਬੱਚਿਆਂ ਦੇ ਮਾਮਲਿਆਂ ਦੇ ਸਬੰਧ ਵਿਚ ਐੱਫ ਐੱਲ ਏ ਹੇਠ ਨਵੇਂ ਸ਼ਬਦ*

- ☐ ਧਿਆਨ ਸਿਰਫ "ਬੱਚੇ ਦੇ ਬਿਹਤਰ ਹਿੱਤ" ਵੱਲ ਹੀ ਹੈ
- ☐ ਪਾਲਣ ਦੇ ਪ੍ਰਬੰਧ
  - ➢ ਕਸਟੱਡੀ ਵਰਗੇ ਹੀ ਅਤੇ ਹੁਣ ਪਾਲਣ ਦੀਆਂ ਜ਼ਿੰਮੇਵਾਰੀਆਂ ਅਤੇ ਬੱਚੇ ਨਾਲ ਹੋਣ ਦਾ ਸਮਾਂ ਵੀ ਸ਼ਾਮਲ ਹੈ

- ☐ ਬੱਚੇ ਨਾਲ ਸੰਪਰਕ
  - ➢ ਇਸ ਨੂੰ ਪਹਿਲਾਂ ਐਕਸੈੱਸ ਕਿਹਾ ਜਾਂਦਾ ਸੀ

- ☐ ਪ੍ਰੋਟੈਕਸ਼ਨ ਆਰਡਰ ਅਤੇ ਕੰਡਕਟ ਆਰਡਰ
  - ➢ ਇਸ ਨੂੰ ਪਹਿਲਾਂ ਰਿਸਟਰੇਨਿੰਗ ਆਰਡਰ ਕਿਹਾ ਜਾਂਦਾ ਸੀ

## *ਜੇ ਤੁਸੀਂ ਵੱਖਰੇ ਹੋ ਜਾਂਦੇ ਹੋ ਅਤੇ ਅੱਡ ਰਹਿੰਦੇ ਹੋ ਤਾਂ ਵਿਚਾਰਨ ਵਾਲੀਆਂ ਚੀਜ਼ਾਂ*

- ☐ ਗਾਰਡੀਅਨਸ਼ਿਪ
- ☐ ਬੱਚੇ ਨੂੰ ਪਾਲਣ ਦੇ ਪ੍ਰਬੰਧ
  - ➢ ਪਾਲਣ ਦੀਆਂ ਜ਼ਿੰਮੇਵਾਰੀਆਂ
  - ➢ ਬੱਚੇ ਨਾਲ ਹੋਣ ਦਾ ਸਮਾਂ

- ☐ ਬੱਚੇ ਨਾਲ ਸੰਪਰਕ
- ☐ ਮਾਇਕ ਸਹਾਇਤਾ – ਚਾਇਲਡ ਅਤੇ ਸੁਪਾਉਜ਼ਲ ਸੁਪੋਰਟ
- ☐ ਜਾਇਦਾਦ ਅਤੇ ਕਰਜ਼ਾ – ਜਾਇਦਾਦ ਨੂੰ ਬਚਾਉਣਾ ਅਤੇ ਤੁਹਾਨੂੰ ਦੇਣਦਾਰੀਆਂ ਤੋਂ ਬਚਾਉਣਾ

## *ਮਾਇਕ ਮਦਦ ਬਾਰੇ ਕੀ ਕਹਿਣਾ ਹੈ?*

- ☐ ਚਾਇਲਡ ਸੁਪੋਰਟ ਬੱਚੇ ਦਾ ਹੱਕ ਹੈ ਅਤੇ ਆਮ ਤੌਰ ’ਤੇ ਬੱਚੇ ਦੇ 19 ਸਾਲ ਦੇ ਹੋਣ ਤੱਕ ਜਾਰੀ ਰਹਿੰਦੀ ਹੈ।
- ☐ ਫੈਡਰਲ ਚਾਇਲਡ ਸੁਪੋਰਟ ਗਾਈਡਲਾਈਨਾਂ ਦੇ ਟੇਬਲ ਚਾਇਲਡ ਸੁਪੋਰਟ ਦੀ ਉਹ ਰਕਮ ਤਹਿ ਕਰਦੇ ਹਨ ਜਿਹੜੀ ਕਿਸੇ ਮਾਪੇ ਜਾਂ ਸਾਬਕਾ ਪਾਰਟਨਰ, ਜੋ ਕਿ ਮਤਰੇਆ ਮਾਪਾ ਹੈ, ਨੂੰ ਦੇਣੀ ਚਾਹੀਦੀ ਹੈ।

**_ਚਾਇਲਡ ਸੁਪੋਰਟ ਕੈਲਕੂਲੇਟਰ: www.fmep.gov.bc.ca_**

- ☐ ਸੁਪਾਉਜ਼ਲ ਸੁਪੋਰਟ ਹੱਕ ਨਹੀਂ ਹੈ। ਸੁਪਾਉਜ਼ਲ ਸੁਪੋਰਟ ਦੀ ਮੰਗ ਕਰ ਰਹੇ ਸਪਾਉਸ ਲਈ ਇਹ ਦਿਖਾਉਣਾ ਜ਼ਰੂਰੀ ਹੈ ਕਿ ਉਹ ਨੂੰ ਇਹ ਵਿਆਹ ਦੌਰਾਨ ਅਤੇ ਅਲੱਗ ਹੋਣ ਤੋਂ ਬਾਅਦ ਦੀਆਂ ਹਾਲਤਾਂ ਮੁਤਾਬਕ ਮਿਲਣੀ ਚਾਹੀਦੀ ਹੈ। ਸਾਰੇ ਸਪਾਉਸ ਸੁਪਾਉਜ਼ਲ ਸੁਪੋਰਟ ਲਈ ਅਪਲਾਈ ਕਰ ਸਕਦੇ ਹਨ ਜਿਨ੍ਹਾਂ ਵਿਚ ਇਹ ਵੀ ਸ਼ਾਮਲ ਹਨ:
  - ➢ ਵਿਆਹੇ ਹੋਏ ਸਪਾਉਸ ਜਿਹੜੇ ਅਲੱਗ ਹੋ ਗਏ ਹਨ
  - ➢ ਕੌਮਨ ਲਾਅ ਸਪਾਉਸ ਜਿਹੜੇ ਅਲੱਗ ਹੋ ਗਏ ਹਨ
  - ➢ ਉਹ ਵਿਅਕਤੀ ਜਿਨ੍ਹਾਂ ਦਾ ਇਕੱਠਿਆਂ ਦਾ ਬੱਚਾ ਹੈ, ਭਾਵੇਂ ਕਿ ਉਹ ਇਕੱਠੇ ਨਹੀਂ ਰਹੇ।

## *ਐੱਫ ਐੱਲ ਏ – ਜਾਇਦਾਦ ਅਤੇ ਕਰਜ਼ੇ ਦੀ ਵੰਡ*

- ☐ ਪਰਿਵਾਰ ਦੀ ਪ੍ਰਾਪਰਟੀ
  - ➢ ਇਕ ਜਾਂ ਦੋਨਾਂ ਸਪਾਉਸਿਜ਼ ਦੀ ਮਾਲਕੀ ਵਾਲੀ ਸਾਰੀ ਅਸਲੀ ਅਤੇ ਨਿੱਜੀ ਜਾਇਦਾਦ
  - ➢ ਉਹ ਸਾਰੀ ਅਸਲੀ ਅਤੇ ਨਿੱਜੀ ਜਾਇਦਾਦ ਜਿਸ ਵਿਚ ਇਕ ਸਪਾਉਸ ਦਾ ਫਾਇਦੇ ਵਾਲਾ ਹਿੱਤ ਹੈ
  - ➢ "ਬਾਹਰੀ ਜਾਇਦਾਦ" ਦੀ ਕੀਮਤ ਵਿਚ ਕੋਈ ਵੀ ਉਹ ਵਾਧਾ ਜਿਹੜਾ ਸਬੰਧਾਂ ਦੌਰਾਨ ਹੋਇਆ ਹੈ
  - ➢ ਉਹ ਜਾਇਦਾਦ ਜਿਹੜੀ ਅਲੱਗ ਹੋਣ ਤੋਂ ਬਾਅਦ ਕਿਸੇ ਵੀ ਸਪਾਉਸ ਵਲੋਂ ਪਰਿਵਾਰ ਦੀ ਜਾਇਦਾਦ/ਪੈਸੇ ਨਾਲ ਲਈ ਗਈ ਹੈ

- ☐ ਬਾਹਰੀ ਜਾਇਦਾਦ (ਐਕਸਕਲੂਡਿਡ ਪ੍ਰਾਪਰਟੀ)
  - ➢ ਰਿਸ਼ਤੇ ਦੇ ਸ਼ੁਰੂ ਹੋਣ ਤੋਂ ਪਹਿਲਾਂ ਲਈ ਗਈ ਜਾਇਦਾਦ।
  - ➢ ਤੋਹਫੇ, ਵਿਰਾਸਤ, ਅਤੇ ਕੁਝ ਕਿਸਮਾਂ ਦੇ ਕੋਰਟ ਅਵਾਰਡ ਅਤੇ ਇਨਸ਼ੋਰੈਂਸ ਦੀਆਂ ਪੇਮੈਂਟਾਂ ਜਿਹੜੀਆਂ ਰਿਸ਼ਤੇ ਦੌਰਾਨ ਇਕ ਸਪਾਉਸ ਨੂੰ ਮਿਲੀਆਂ ਸਨ

- ☐ ਪਰਿਵਾਰ ਦੇ ਕਰਜ਼ੇ
  - ➢ ਇਹ ਉਹ ਕਰਜ਼ੇ ਹਨ ਜਿਹੜੇ ਕਿਸੇ ਵੀ ਸਪਾਉਸ ਵਲੋਂ ਰਿਸ਼ਤੇ ਦੌਰਾਨ ਵਧਾਏ ਗਏ ਸਨ ਜੋ ਕਿ ਉਨ੍ਹਾਂ ਦੇ ਅਲੱਗ ਹੋਣ ਵੇਲੇ ਵੀ ਦੇਣਯੋਗ ਸਨ, ਜਾਂ ਜਿਹੜੇ ਅਲੱਗ ਹੋਣ ਤੋਂ ਬਾਅਦ ਪਰਿਵਾਰ ਦੀ ਜਾਇਦਾਦ ਦੀ ਸੰਭਾਲ ਨਾਲ ਸੰਬੰਧਿਤ ਸਨ। ਆਮ ਤੌਰ 'ਤੇ, ਇਹ ਕਰਜ਼ੇ ਬਰਾਬਰ ਵੰਡੇ ਜਾਣੇ ਜ਼ਰੂਰੀ ਹਨ ਪਰ **ਇਸ ਵਿਚ ਤਬਦੀਲੀ ਕੀਤੀ ਜਾ ਸਕਦੀ ਹੈ।**

## *ਕੌਣ ਮਦਦ ਕਰ ਸਕਦਾ ਹੈ?*

- ☐ ਐਗਰੀਮੈਂਟਾਂ ਵਿਚ ਮਦਦ
  - ➢ ਫੈਮਿਲੀ ਲਾਅ ਦਾ ਵਕੀਲ
  - ➢ ਮੀਡੀਏਟਰ – ਕਾਨੂੰਨੀ ਸਲਾਹ ਨਹੀਂ ਦੇ ਸਕਦਾ, ਭਾਵੇਂ ਉਹ ਵਕੀਲ ਵੀ ਹੋਵੇ
  - ➢ ਪੇਰੈਂਟਿੰਗ ਕੋਆਰਡੀਨੇਟਰ – ਪਾਲਣ ਪੋਸਣ ਦੇ ਐਗਰੀਮੈਂਟਾਂ ਵਿਚ ਤੁਹਾਡੀ ਮਦਦ ਕਰੇਗਾ। ਕਾਨੂੰਨੀ ਸਲਾਹ ਨਹੀਂ ਦੇ ਸਕਦਾ
  - ➢ ਫੈਮਿਲੀ ਜਸਟਿਸ ਕੌਂਸਲਰ – ਵਕੀਲ ਨਹੀਂ ਹੁੰਦੇ ਅਤੇ ਕਾਨੂੰਨੀ ਸਲਾਹ ਨਹੀਂ ਦੇ ਸਕਦੇ

- ☐ ਕੋਰਟ ਆਰਡਰ ਲੈਣਾ
  - ➢ ਫੈਮਿਲੀ ਲਾਅ ਦਾ ਵਕੀਲ
  - ➢ ਡਿਊਟੀ ਕੌਂਸਲ
  - ➢ ਲੀਗਲ ਅਡਵਾਈਸ ਕਲੀਨਿਕ
  - ➢ ਫੈਮਿਲੀ ਜਸਟਿਸ ਕੌਂਸਲਰ – ਵਕੀਲ ਨਹੀਂ ਹੁੰਦੇ ਅਤੇ ਕਾਨੂੰਨੀ ਸਲਾਹ ਨਹੀਂ ਦੇ ਸਕਦੇ

## *ਐੱਫ ਐੱਲ ਏ ਅਧੀਨ ਨਵੀਂ ਥਾਂ ਵਸਣਾ*

- ☐ ਨਵੀਂ ਥਾਂ ਵਸਣਾ (ਰੀਲੋਕੇਸ਼ਨ) ਬੱਚੇ ਦੀ ਰਿਹਾਇਸ਼ ਵਿਚ ਉਹ ਤਬਦੀਲੀ ਹੈ ਜਿਸ ਦੀ ਬੱਚੇ ਦੇ ਦੂਜੇ ਗਾਰਡੀਅਨ ਜਾਂ ਬੱਚੇ ਦੀ ਜ਼ਿੰਦਗੀ ਵਿਚ ਮਹੱਤਵਪੂਰਨ ਰੋਲ ਨਿਭਾਉਣ ਵਾਲੇ ਦੂਜੇ ਵਿਅਕਤੀਆਂ ਨਾਲ ਬੱਚੇ ਦੇ ਸਬੰਧਾਂ 'ਤੇ ਮਹੱਤਵਪੂਰਨ ਅਸਰ ਪੈਣ ਦੀ ਵਾਜਬ ਤੌਰ 'ਤੇ ਉਮੀਦ ਰੱਖੀ ਜਾ ਸਕਦੀ ਹੈ।

## *ਜੇ ਗਾਰਡੀਅਨ ਨਵੀਂ ਥਾਂ ਵਸਣਾ (ਮੂਵ ਹੋਣਾ) ਚਾਹੁੰਦਾ ਹੈ...*

ਐੱਫ ਐੱਲ ਏ ਕਹਿੰਦਾ ਹੈ...

- ☐ ਨਵੀਂ ਥਾਂ ਮੂਵ ਹੋਣ ਦੀ ਪਲੈਨ ਕਰ ਰਹੇ ਗਾਰਡੀਅਨ ਲਈ ਕਿਸੇ ਹੋਰ ਗਾਰਡੀਅਨ ਨੂੰ 60 ਦਿਨਾਂ ਦੇ ਵਿਚ ਵਿਚ ਲਿਖਤੀ ਨੋਟਿਸ ਦੇਣਾ ਜ਼ਰੂਰੀ ਹੈ ਜਿਸ ਵਿਚ ਤਜਵੀਜ਼ਸ਼ੁਦਾ ਥਾਂ ਅਤੇ ਮੂਵ ਹੋਣ ਦੀ ਤਰੀਕ ਦੱਸੀ ਜਾਣੀ ਜ਼ਰੂਰੀ ਹੈ
  - ➢ ਛੋਟ: ਉਸ ਕੋਲ ਕੋਰਟ ਦਾ ਆਰਡਰ ਹੋਣਾ ਜ਼ਰੂਰੀ ਹੈ ਜਿਹੜਾ ਕਹਿੰਦਾ ਹੈ ਕਿ ਉਸ ਨੂੰ ਨੋਟਿਸ ਦੇਣ ਦੀ ਲੋੜ ਨਹੀਂ ਹੈ

- ☐ ਕੋਈ ਕੋਰਟ ਨੋਟਿਸ ਦੇਣ ਦੀਆਂ ਸਾਰੀਆਂ ਸ਼ਰਤਾਂ ਜਾਂ ਸ਼ਰਤਾਂ ਦੇ ਕਿਸੇ ਹਿੱਸੇ ਤੋਂ ਛੋਟ ਦੇ ਸਕਦੀ ਹੈ ਜੇ ਇਹ ਸੰਤੁਸ਼ਟ ਹੋਵੇ ਕਿ
  - ➢ ਨੋਟਿਸ, ਦੂਜੇ ਗਾਰਡੀਅਨ ਜਾਂ ਬੱਚੇ ਨਾਲ ਸੰਪਰਕ ਵਾਲੇ ਵਿਅਕਤੀ ਤੋਂ ਪਰਿਵਾਰਕ ਹਿੰਸਾ ਦਾ ਖਤਰਾ ਸਹੇੜੇ ਬਿਨਾਂ ਨਹੀਂ ਦਿੱਤਾ ਜਾ ਸਕਦਾ, ਜਾਂ
  - ➢ ਬੱਚੇ ਅਤੇ ਦੂਜੇ ਗਾਰਡੀਅਨ ਜਾਂ ਬੱਚੇ ਨਾਲ ਸੰਪਰਕ ਰੱਖਣ ਵਾਲੇ ਵਿਅਕਤੀ ਵਿਚਕਾਰ ਲਗਾਤਾਰ ਰਹਿਣ ਵਾਲਾ ਕੋਈ ਰਿਸ਼ਤਾ ਨਹੀਂ ਹੈ।

- ☐ ਜੇ ਗਾਰਡੀਅਨ ਮੂਵ ਹੋਣ ਨਾਲ ਸਹਿਮਤ ਨਾ ਹੋਵੇ ਤਾਂ ਉਸ ਲਈ ਨੋਟਿਸ ਦੀ ਤਰੀਕ ਤੋਂ ਬਾਅਦ 30 ਦਿਨਾਂ ਦੇ ਵਿਚ ਵਿਚ ਨਵੀਂ ਥਾਂ ਜਾਣ ਤੋਂ ਰੋਕਣ ਲਈ ਆਰਡਰ ਲੈਣ ਲਈ ਕੋਰਟ ਕੋਲ ਅਰਜ਼ੀ ਕਰਨਾ ਜ਼ਰੂਰੀ ਹੈ

## *ਐੱਫ ਐੱਲ ਏ ਅਧੀਨ ਨਵੀਂ ਥਾਂ ਲਈ ਆਰਡਰ ਦੇਣ ਵਾਲੇ ਪੱਖ*

- ☐ ਅਦਾਲਤ ਦਾ ਸੰਤੁਸ਼ਟ ਹੋਣਾ ਜ਼ਰੂਰੀ ਹੈ ਕਿ:
  - ➢ ਤਜਵੀਜ਼ਸ਼ੁਦਾ ਮੂਵ ਚੰਗੀ ਭਾਵਨਾ ਨਾਲ ਕੀਤੀ ਗਈ ਹੈ, ਅਤੇ
  - ➢ ਮੂਵ ਹੋਣ ਵਾਲੇ ਮਾਪੇ ਲਈ, ਦੂਜੇ ਮਾਪੇ ਨੂੰ ਵਾਜਬ ਅਤੇ ਅਮਲਯੋਗ ਪ੍ਰਬੰਧ ਦੱਸਣੇ ਜ਼ਰੂਰੀ ਹਨ ਤਾਂ ਜੋ ਉਹ ਬੱਚੇ ਨਾਲ ਰਿਸ਼ਤਾ ਕਾਇਮ ਰੱਖ ਸਕੇ।
  - ➢ ਉਪਰ ਲਿਖੇ ਬਾਰੇ ਕੋਰਟ ਦੇ ਸੰਤੁਸ਼ਟ ਹੋਣ 'ਤੇ, ਮੂਵ ਹੋਣਾ ਬੱਚੇ ਦੇ ਬਿਹਤਰ ਹਿੱਤਾਂ ਵਿਚ ਹੋਣਾ ਜ਼ਰੂਰੀ ਹੈ, ਜੇ ਦੂਜਾ ਗਾਰਡੀਅਨ ਕੋਰਟ ਨੂੰ ਕਿਸੇ ਹੋਰ ਤਰ੍ਹਾਂ ਨਾ ਦਿਖਾ ਸਕਦਾ ਹੋਵੇ।

## *"ਚੰਗੀ ਭਾਵਨਾ (ਗੁੱਡ ਫੇਥ)" ਕੀ ਹੈ?*

- ☐ ਕੀ ਬੱਚੇ ਦੀ ਜ਼ਿੰਦਗੀ ਅਤੇ/ਜਾਂ ਮੂਵ ਹੋ ਰਹੇ ਗਾਰਡੀਅਨ ਦੀ ਜ਼ਿੰਦਗੀ ਦੀ ਕੁਆਲਟੀ ਵਿਚ ਮੂਵ ਹੋਣ ਨਾਲ ਵਾਧਾ ਹੋਵੇਗਾ ਜਿਸ ਵਿਚ ਜਜ਼ਬਾਤੀ ਭਲਾਈ ਜਾਂ ਮਾਇਕ ਜਾਂ ਵਿਦਿਅਕ ਮੌਕੇ ਵੀ ਸ਼ਾਮਲ ਹਨ;
- ☐ ਕੀ ਨੋਟਿਸ ਦਿੱਤਾ ਗਿਆ ਸੀ
- ☐ ਕੀ ਕਿਸੇ ਆਰਡਰ ਜਾਂ ਐਗਰੀਮੈਂਟ ਵਿਚ ਮੂਵ ਹੋਣ 'ਤੇ ਕੋਈ ਪਾਬੰਦੀਆਂ ਹਨ

## *"ਵਾਜਬ ਪ੍ਰਬੰਧ"*

- ☐ ਜਿਸ ਚੀਜ਼ ਦੀ ਸ਼ਰਤ ਹੈ ਉਹ "ਵਾਜਬ ਅਤੇ ਅਮਲਯੋਗ ਪ੍ਰਬੰਧ ਤੋਂ ਬਿਨਾਂ" ਹੋਰ ਕੁਝ ਨਹੀਂ ਹੈ

## *"ਬੱਚੇ ਦਾ ਬਿਹਤਰ ਹਿੱਤ" (ਟੈੱਸਟ)*

- ☐ ਪਾਲਣ ਦੀਆਂ ਯੋਗਤਾਵਾਂ ਅਤੇ ਬੱਚਿਆਂ ਦੇ ਮਾਪਿਆਂ ਅਤੇ ਨਵੇਂ ਪਾਰਟਨਰਾਂ ਨਾਲ ਸਬੰਧ;
- ☐ ਰੁਜ਼ਗਾਰ ਦੀ ਸੁਰੱਖਿਆ ਅਤੇ ਹਰ ਸਪਾਉਸ ਦੀਆਂ ਸੰਭਾਵਨਾਵਾਂ
- ☐ ਐਕਸਟੈਂਡਿਡ (ਵੱਡੇ) ਪਰਿਵਾਰ ਤੱਕ ਪਹੁੰਚ ਅਤੇ ਮਦਦ
- ☐ ਜੇ ਮੂਵ ਹੋਣ ਦੀ ਆਗਿਆ ਦਿੱਤੀ ਗਈ ਹੈ ਤਾਂ ਤਜਵੀਜ਼ਸ਼ੁਦਾ ਐਕਸੈੱਸ (ਪਹੁੰਚ) ਹਾਸਲ ਕਰਨ ਦੀ ਮੁਸ਼ਕਲ ਅਤੇ ਤਜਵੀਜ਼ਸ਼ੁਦਾ ਐਕਸੈੱਸ ਦੀ ਕੁਆਲਟੀ
- ☐ ਬੱਚਿਆਂ ਦੀ ਪੜ੍ਹਾਈ ਉਪਰ ਅਸਰ
- ☐ ਬੱਚਿਆਂ ਦੀ ਮਨੋਵਿਗਿਆਨਕ/ਜਜ਼ਬਾਤੀ ਭਲਾਈ;
- ☐ ਬੱਚਿਆਂ ਦੀ ਸਮਾਜਿਕ ਅਤੇ ਕਮਿਊਨਟੀ ਮਦਦ ਅਤੇ ਨੇਮਾਂ ਵਿਚ ਵਿਘਨ;
- ☐ ਭਰਾਵਾਂ ਅਤੇ ਭੈਣਾਂ ਦਾ ਵਿਛੋੜਾ

## *ਆਪਣੇ ਪਰਿਵਾਰ ਦੀ ਰੱਖਿਆ ਕਰਨਾ*

- ☐ ਜੇ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਵਿਚ ਕਿਸੇ ਨੂੰ ਪਰਿਵਾਰਕ ਹਿੰਸਾ ਦਾ ਖਤਰਾ ਹੋਵੇ ਤਾਂ ਤੁਸੀਂ ਕੋਰਟ ਵਿਚ ਫੈਮਿਲੀ ਲਾਅ **ਪ੍ਰੋਟੈਕਸ਼ਨ ਆਰਡਰ** ਲਈ ਅਪਲਾਈ ਕਰ ਸਕਦੇ ਹੋ (ਸੂਬਾਈ ਜਾਂ ਸੁਪਰੀਮ ਕੋਰਟ ਵਿਚ)
- ☐ ਪ੍ਰੋਟੈਕਸ਼ਨ ਆਰਡਰ ਵਿਚ ਅੱਗੇ ਲਿਖੀਆਂ ਸ਼ਰਤਾਂ ਸ਼ਾਮਲ ਹੋ ਸਕਦੀਆਂ ਹਨ:
  - ➢ ਤੁਹਾਡੇ ਨਾਲ, ਤੁਹਾਡੇ ਬੱਚਿਆਂ ਨਾਲ ਜਾਂ ਪਰਿਵਾਰ ਦੇ ਹੋਰ ਮੈਂਬਰਾਂ ਨਾਲ ਸੰਪਰਕ ਨਹੀਂ ਕਰਨਾ ਜਿਨ੍ਹਾਂ ਨੂੰ ਬੁਰੇ ਵਰਤਾਉ ਦਾ ਖਤਰਾ ਹੋ ਸਕਦਾ ਹੈ;
  - ➢ ਤੁਹਾਡੇ ਘਰ, ਤੁਹਾਡੇ ਕੰਮ, ਸਕੂਲ ਜਾਂ ਅਜਿਹੀਆਂ ਹੋਰ ਥਾਂਵਾਂ ਤੋਂ ਦੂਰ ਰਹਿਣਾ ਜਿੱਥੇ ਤੁਸੀਂ, ਤੁਹਾਡੇ ਬੱਚੇ, ਜਾਂ ਪਰਿਵਾਰ ਦੇ ਹੋਰ ਮੈਂਬਰ ਸਮਾਂ ਬਿਤਾਉਂਦੇ ਹਨ;
  - ➢ ਤੁਹਾਡਾ, ਤੁਹਾਡੇ ਬੱਚਿਆਂ ਜਾਂ ਪਰਿਵਾਰ ਦੇ ਹੋਰ ਮੈਂਬਰਾਂ ਦਾ ਪਿੱਛਾ ਨਾ ਹੋਵੇ;
  - ➢ ਹਥਿਆਰ ਨਾ ਰੱਖਿਆ ਜਾਵੇ; ਅਤੇ/ਜਾਂ
  - ➢ ਇਹ ਕਿ ਆਪਣੀਆਂ ਨਿੱਜੀ ਚੀਜ਼ਾਂ ਲੈਣ ਲਈ ਆਪਣੇ ਘਰ ਜਾਣ ਵੇਲੇ ਪੁਲੀਸ ਤੁਹਾਡੇ ਨਾਲ ਜਾ ਸਕਦੀ ਹੈ, ਜਾਂ ਆਰਡਰ ਵਿਚਲੇ ਵਿਅਕਤੀ ਨੂੰ ਪਰਿਵਾਰ ਦੇ ਘਰ ਵਿੱਚੋਂ ਬਾਹਰ ਭੇਜ ਸਕਦੀ ਹੈ।

- ☐ ਪ੍ਰੋਟੈਕਸ਼ਨ ਆਰਡਰ ਵਿਚਲੀਆਂ ਸ਼ਰਤਾਂ ਦੀ ਉਲੰਘਣਾ ਕਰਨ ਨੂੰ ਇਕ ਮੁਜਰਮਾਨਾ ਜੁਰਮ ਸਮਝਿਆ ਜਾਂਦਾ ਹੈ ਅਤੇ ਪੁਲੀਸ ਸ਼ਰਤ (ਸ਼ਰਤਾਂ) ਦੀ ਉਲੰਘਣਾ ਕਰਨ ਵਾਲੇ ਵਿਅਕਤੀ ਨੂੰ ਗ੍ਰਿਫਤਾਰ ਅਤੇ ਚਾਰਜ ਕਰ ਸਕਦੀ ਹੈ।